This question paper contains 3 printed pages ]

# Code No. : 31(II) *Roll No. ....................*

## 0(CCEM)9

## PUNJABI

**Paper : II**

*Time : Three hours ]* *[ Maximum Marks : 300*

*Note : (i) Answers must be written in* ***Gurmukhi****.*

*(ii) The number of marks carried by each question are indicated at the end of the question.*

*(iii) Part/Parts of the same question must be answered together and should not be interposed between asnwer to other questions.*

*(iv) The answer to each question or part thereof should begin on a fresh page.*

*(v) Your answers should be precise and coherent.*

*(vi) Candidates should attempt question* ***First*** *which is* ***compulsory*** *and any* ***4*** *out of the remaining questions.*

ਨੋਟ : ਕੁਲ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਪਹਿਲਾ ਪ੍ਰਸ਼ਨ (**'ਭਾਗ ਪਹਿਲਾ'**) ਕਰਨਾ ਜ਼ਰੂਰੀ ਹੈ। **'ਭਾਗ ਦੂਜਾ'** ਵਿਚੋਂ ਕੋਈ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਉ।

P. T. O.

## ਭਾਗ ਪਹਿਲਾ

**1.** ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਦੋ** ਦੇ ਅਰਥਾਂ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਦੀਆਂ ਸਾਹਿਤਿਕ ਵਿਸ਼ੇਸ਼ਤਾਵਾਂ ਬਿਆਨ ਕਰੋ :

(ੳ) ਜਿਤੁ ਦਿਹਾੜੈ ਧਨਵਰੀ ਸਾਹੇ ਲਏ ਲਿਖਾਇ।।
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ।।
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।।
ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ।।
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।।
ਆਪਣੀ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ।।
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ।।
ਫਰੀਦਾ ਕਿੜੀ ਪਵੰਦੀਈ ਖੜਾ ਨਾ ਆਪੁ ਮੁਹਾਇ।। 50

(ਅ) ਘੁੰਡ ਲਾਹ ਕੇ ਹੀਰ ਦੀਦਾਰ ਦਿੱਤਾ, ਰਿਹਾ ਹੋਸ਼ ਨਾ ਅਕਲ ਥੀ ਤਾਕ ਕੀਤਾ।
ਲੰਕ ਬਾਗ਼ ਦੀ ਪਰੀ ਨੇ ਝਾਕ ਦੇ ਕੇ, ਸੀਨਾ ਪਾੜ ਕੇ ਚਾਕ ਦਾ ਚਾਕ ਕੀਤਾ।
ਬੰਨ੍ਹ ਮਾਪਿਆਂ ਜ਼ਾਲਮਾਂ ਟੋਰ ਦਿੱਤੀ, ਤੇਰੇ ਇਸ਼ਕ ਨੇ ਮਾਰ ਕੇ ਖ਼ਾਕ ਕੀਤਾ।
ਮਾਉਂ ਬਾਪ ਤੇ ਅੰਗ ਭੁਲਾਇ ਸਾਰੇ, ਅਸਾਂ ਚਾਕ ਨੂੰ ਆਪਣਾ ਸਾਕ ਕੀਤਾ।
ਤੇਰੇ ਬਾਝ ਨਾ ਕਿਸੇ ਨੂੰ ਅੰਗ ਲਾਇਆ, ਗਵਾਹ ਹਾਲ ਦਾ ਮੈਂ ਰੱਬ ਪਾਕ ਕੀਤਾ।
ਵੇਖ ਨਵੀਂ ਨਰੋਈ ਅਮਾਨ ਤੇਰੀ, ਸੀਨਾ ਸਾੜ ਕੇ ਬਿਰਹੋਂ ਨੇ ਖ਼ਾਕ ਕੀਤਾ।
50

(ੲ) ਆਪੇ ਨੀ ਅਜ ਰਾਤ ਸਜਨ ਨੇ
ਸਾਨੂੰ ਫੜ ਘੁਟ ਰਖਿਆ,
'ਵਸਲ ਮਾਹੀ ਦਾ, ਮਿਹਰ ਮਾਹੀ ਦੀ'
ਅੱਜ ਅਸਾਂ ਨੇ ਲਖਿਆ,-
ਜਿੰਦੜੀ ਸਾਡੀ ਅੰਗ ਸਮਾ ਲਈ
ਵੇਖ ਵੇਖ ਖੁਸ਼ ਹੋਵੇ :
ਕਿਉਂ ਸਈਓ ! ਕੁਈ ਸ੍ਵਾਦ ਸਜਨ ਨੇ
ਛੁਹ ਸਾਡੀ ਦਾ ਭਿ ਚਖਿਆ ? 50

## ਭਾਗ ਦੂਜਾ

2. ਗੁਰੂ ਨਾਨਕ ਬਾਣੀ ਵਿਚ 'ਸਚ' ਤੇ 'ਸਚਿਆਰ' ਦੇ ਸੰਕਲਪ ਦੀ ਵਿਆਖਿਆ ਕਰੋ। 50

3. ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਬਿਰਹਾ ਭਾਵਨਾ ਦੀ ਪੇਸ਼ਕਾਰੀ ਬਾਰੇ ਆਪਣੇ ਵਿਚਾਰ ਪੇਸ਼ ਕਰੋ। 50

4. ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਦੀ ਕੇਂਦਰੀ ਸਮੱਸਿਆ ਉਤੇ ਦ੍ਰਿਸ਼ਟੀਪਾਤ ਕਰੋ। 50

5. 'ਮੇਰੀਆਂ' ਅਭੁੱਲ ਯਾਦਾਂ ਦੇ ਆਧਾਰ ਉਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ-ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਦੱਸੋ। 50

6. ਬਲਵੰਤ ਗਾਰਗੀ ਦੇ ਨਾਟਕ 'ਸੁਲਤਾਨ ਰਜ਼ੀਆ' ਨੂੰ ਇਤਿਹਾਸਿਕਤਾ ਦੇ ਨਜ਼ਰੀਏ ਤੋਂ ਪਰਖੋ। 50

7. ਸੰਤ ਸਿੰਘ ਸੇਖੋਂ ਦੇ ਨਾਟਕ 'ਦਮਯੰਤੀ' ਨੂੰ ਰੰਗਮੰਚ ਦੀ ਦ੍ਰਿਸ਼ਟੀ ਤੋਂ ਪਰਖੋ। 50